# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

(ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਚੌਥੀ ਮੰਜਿਲ, ਈ-ਬਲਾਕ, ਫੇਜ-8, ਐਸ.ਏ.ਐਸ.ਨਗਰ)

(ਸਪੈਸ਼ਲ ਸੈੱਲ)

ਵੱਲ:

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ),
ਪੰਜਾਬ।

ਮੀਮੋ ਨੰ: ਸਪੈਸ਼ਲ/2023/170582
ਮਿਤੀ: 20-6-2023

**ਵਿਸ਼ਾ: ਸਵੈ ਇੱਛਤ ਰਿਟਾਇਰਮੈਂਟ/ ਅਸਤੀਫੇ ਦੇ ਆਨਲਾਈਨ ਪੋਰਟਲ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧੀ ਲਿਖਿਆ ਜਾਂਦਾ ਹੈ ਕਿ ਈ-ਪੰਜਾਬ ਤੇ ਸਵੈ ਇੱਛਤ ਰਿਟਾਇਰਮੈਂਟ / ਅਸਤੀਫੇ ਦਾ ਪੋਰਟਲ ਚੱਲ ਰਿਹਾ ਹੈ। ਅਧਿਕਾਰੀਆਂ /ਕਰਮਚਾਰੀਆਂ ਵੱਲੋਂ ਆਪਣੀ ਈਪੰਜਾਬ ਦੀ ਆਈ.ਡੀ. ਤੇ ਸਵੈ ਇੱਛਤ ਰਿਟਾਇਰਮੈਂਟ / ਅਸਤੀਫੇ ਦਾ ਕੇਸ ਅਪਲਾਈ ਕੀਤਾ ਜਾਂਦਾ ਹੈ ਜੋ ਕਿ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋਂ ਚੈਕ ਕਰਨ ਉਪਰੰਤ ਕੇਸ ਮੁੱਖ ਦਫਤਰ ਵਿਖੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਹਿੱਤ ਭੇਜਣਾ ਹੁੰਦਾ ਹੈ। ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋ ਮੁਕੰਮਲ ਟਿੱਪਣੀ ਦੇਕੇ ਕੇਸ ਫਾਰਵਰਡ ਨਹੀਂ ਕੀਤਾ ਜਾਂਦਾ ਕੇਵਲ ਕੇਸ ਫਾਰਵਰਡ, ਆਦਿ ਕਮੈਂਟਸ ਲਿਖਕੇ ਕੇਸ ਮੁੱਖ ਦਫਤਰ ਵਿਖੇ ਭੇਜ ਦਿੱਤਾ ਜਾਂਦਾ ਹੈ। ਕੇਸਾਂ ਨੂੰ ਇਸ ਦਫਤਰ ਪੱਧਰ ਤੇ ਘੋਖਣ ਉਪਰੰਤ ਕਈ ਵਾਰ ਕਾਫੀ ਤਰੁੱਟੀਆਂ ਆਦਿ ਪਾਈਆ ਜਾਂਦੀਆਂ ਹਨ। ਜਿਸ ਨਾਲ ਇਨ੍ਹਾਂ ਕੇਸਾਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਹੁੰਦੀ ਹੈ।

ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਵਿੱਖ ਵਿੱਚ ਜਿਹੜੇ ਵੀ ਸਵੈ ਇੱਛਤ ਰਿਟਾਇਰਮੈਂਟ / ਅਸਤੀਫੇ ਦੇ ਕੇਸ ਮੁੱਖ ਦਫਤਰ ਵਿਖੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਈ ਭੇਜੇ ਜਾਣੇ ਹਨ, ਉਨ੍ਹਾਂ ਕੇਸਾਂ ਨੂੰ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋਂ ਸਰਕਾਰ ਦੀਆਂ ਇਸ ਵਿਸ਼ੇ ਨਾਲ ਸਬੰਧਤ ਸਮੇਂ ਸਮੇਂ ਜਾਰੀ ਹਦਾਇਤਾਂ ਅਨੁਸਾਰ ਮੁਕੰਮਲ ਰੂਪ ਵਿੱਚ ਘੋਖਦੇ ਹੋਏ ਸਵੈ ਸਪਸ਼ਟ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਸਪੈ. ਸੈੱਲ)